## ਧੰਨਵਾਦ

- ਸਭ ਤੋਂ ਪਹਿਲਾਂ ਮੈਂ ਆਪਣੇ ਪਰਮ ਪਿਤਾ ਪ੍ਰਮਾਤਮਾ ਦੇ ਅੱਗੇ ਸਿਰ ਝੁਕਾਉਂਦੀ ਹਾਂ ਜਿਸ ਦੀ ਅਸੀਮ ਕ੍ਰਿਪਾ ਦੇ ਸਦਕਾ ਮੈਂ ਇਹ ਖੋਜ ਕਾਰਜ ਨਾਲ ਜੁੜੀ ਅਤੇ ਇਸ ਕਾਰਜ ਨੂੰ ਸੰਪੂਰਨ ਕਰਨ ਵਿਚ ਸਮਰੱਥ ਹੋ ਸਕੀ।

- ਮੈਂ ਹਾਰਦਿਕ ਧੰਨਵਾਦੀ ਹਾਂ ਆਪਣੇ ਨਿਰਦੇਸ਼ਿਕਾ ਡਾ. ਭਗਵੰਤ ਕੌਰ ਜੀ ਦੀ ਜਿਨ੍ਹਾਂ ਨੇ ਮੇਰੇ ਖੋਜ ਵਿਸ਼ੇ ਦੇ ਚੁਣਾਵ ਤੋਂ ਲੈ ਕੇ ਸੰਪੂਰਨਤਾ ਤੱਕ ਮੇਰਾ ਯੋਗ ਮਾਰਗ ਦਰਸਨ ਕੀਤਾ ਹੈ।

- ਮੈਂ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਡਾ. ਗੁਰਪ੍ਰੀਤ ਕੌਰ ਜੀ, ਮੁਖੀ ਅਤੇ ਡੀਨ ਫ਼ੈਕਲਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੈਨੂੰ ਸਹੀ ਦਿਸ਼ਾ ਨਿਰਦੇਸ਼ ਦਿੱਤੇ।

- ਮੈਂ ਡਾ. ਅਰੁਣ ਮਿਸ਼ਰਾ ਜੀ ਦੀ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਦੀ ਯੋਗ ਅਗਵਾਈ ਸਦਕਾ ਹੀ ਮੈਂ ਇਸ ਮੁਕਾਮ ਤੱਕ ਪਹੁੰਚੀ ਹਾਂ।

- ਮੈਂ ਡਾ. ਅਮਿਤਾ ਮਿਸ਼ਰਾ, ਮੁਖੀ, ਸੰਗੀਤ ਵਿਭਾਗ, ਏ.ਪੀ.ਜੇ ਕਾਲਜ ਜਲੰਧਰ, ਡਾ. ਰਾਜੇਸ਼ ਜੀ, ਅਸਿਸਟੈਂਟ ਪ੍ਰੋਫ਼ੈਸਰ, ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਰੁਪਿੰਦਰ ਕੌਰ ਬੈਂਸ, ਮੁਖੀ, ਸੰਗੀਤ ਵਿਭਾਗ, ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ ਜਲੰਧਰ, ਡਾ. ਕਮਲਜੀਤ ਕੌਰ, ਮੁਖੀ, ਸੰਗੀਤ ਵਿਭਾਗ, ਕੰਨਿਆ ਮਹਾਂਵਿਦਿਆਲਿਆ ਜਲੰਧਰ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੈਨੂੰ ਖੋਜ ਕਾਰਜ ਸੰਬੰਧੀ ਸਮੱਗਰੀ ਇਕੱਤਰ ਕਰਨ ਵਿਚ ਸਹਾਇਤਾ ਕੀਤੀ।

- ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਐਚ.ਪੀ. ਯੂਨੀਵਰਸਿਟੀ ਸ਼ਿਮਲਾ ਅਤੇ ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ ਦੇ ਲਾਇਬ੍ਰੇਰੀ ਅਧਿਕਾਰੀਆਂ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇਸ ਖੋਜ ਨਾਲ ਸੰਬੰਧਿਤ ਦੱਤ ਸਮੱਗਰੀ ਮੁਹੱਈਆ ਕਰਵਾਈ।